**Bellevue Diversity Advisory Network (ਬੈਲੇਵਿਊ ਡਾਈਵਰਸਿਟੀ ਅਡਵਾਈਜ਼ਰੀ ਨੈੱਟਵਰਕ) ਅਰਜ਼ੀ 2022**

**ਪਿਛੋਕੜ**: 2016 ਵਿੱਚ, Bellevue Diversity Advisory Network (ਬੈਲੇਵਿਊ ਡਾਈਵਰਸਿਟੀ ਅਡਵਾਈਜ਼ਰੀ ਨੈੱਟਵਰਕ, BDAN) ਦੀ ਸਿਰਜਣਾ Bellevue ਸ਼ਹਿਰ ਦੇ ਵਿਭਿੰਨਤਾ ਲਾਭ ਪਹਿਲਕਦਮੀ ਵਿੱਚ ਕਮਿਊਨਿਟੀ ਦੇ ਮੈਂਬਰਾਂ ਨੂੰ ਸ਼ਾਮਲ ਕਰਨ, ਵੱਖ-ਵੱਖ ਲੋਕਾਂ ਦੀਆਂ ਕਮਿਊਨਿਟੀਆਂ ਅਤੇ Bellevue ਸ਼ਹਿਰ ਵਿਚਕਾਰ ਸੰਬੰਧਾਂ ਵਿੱਚ ਸਹਿਯੋਗ ਅਤੇ ਮਾਰਗ ਦਰਸ਼ਨ ਕਰਨ ਲਈ ਕੀਤੀ ਗਈ ਸੀ। BDAN, Bellevue ਸ਼ਹਿਰ ਦੀ ਸੰਚਾਰ ਕਰਨ, ਸਹਿਯੋਗ ਕਰਨ ਅਤੇ Bellevue ਦੀ ਵੱਖ-ਵੱਖ ਲੋਕਾਂ ਦੀ ਕਮਿਊਨਿਟੀ ਦੀ ਬਿਹਤਰ ਸੇਵਾ ਕਰਨ ਦੀ ਯੋਗਤਾ ਵਿੱਚ ਸੁਧਾਰ ਕਰਨ ਲਈ ਸਲਾਹ ਅਤੇ ਸਹਾਇਤਾ ਪ੍ਰਦਾਨ ਕਰੇਗਾ। BDAN ਇੱਕ ਸਿਟੀ ਮੈਨੇਜਰ ਵੱਲੋਂ ਨਿਯੁਕਤ ਕੀਤਾ ਸਲਾਹਕਾਰੀ ਬੋਰਡ ਹੈ ਜੋ ਸ਼ਹਿਰ ਨੂੰ ਸਲਾਹ ਦੇਣ ਵਿੱਚ ਕਮਿਊਨਿਟੀ ਮੁਹਾਰਤ ਅਤੇ ਅਗਵਾਈ ਦੀ ਵਰਤੋਂ ਕਰਦਾ ਹੈ। ਇਹ ਸ਼ਹਿਰ ਇਸ ਬੋਰਡ 'ਤੇ ਸੇਵਾ ਕਰਨ ਲਈ ਕਈ ਤਰ੍ਹਾਂ ਦੀ ਨੁਮਾਇੰਦਗੀ ਦੀ ਭਾਲ ਕਰ ਰਿਹਾ ਹੈ। ਵਧੇਰੇ ਜਾਣਕਾਰੀ ਲਈ, ਇੱਥੇ ਕਲਿੱਕ ਕਰੋ।

**ਘੱਟੋ-ਘੱਟ ਲੋੜਾਂ**

- Bellevue ਵਿੱਚ ਕੰਮ ਕਰਨਾ ਜਾਂ ਰਹਿਣਾ;
- ਸ਼ਹਿਰ ਦੀ ਵੱਖ-ਵੱਖ ਲੋਕਾਂ ਦੀ ਆਬਾਦੀ ਨਾਲ ਸੱਭਿਆਚਾਰਕ ਸਬੰਧ ਰੱਖਣਾ ਅਤੇ ਇਸਦੀ ਜਾਣਕਾਰੀ ਹੋਣਾ;
- ਕਮਿਊਨਿਟੀ ਨੂੰ ਮਜ਼ਬੂਤ ਕਰਨ ਲਈ ਸੱਭਿਆਚਾਰਕ ਪਾੜਿਆਂ ਨੂੰ ਪੂਰਾ ਕਰਨ ਵਿੱਚ ਇੱਛਾ, ਉਤਸੁਕਤਾ, ਅਤੇ ਦਿਲਚਸਪੀ ਰੱਖਣਾ;
- ਹਰ ਮਹੀਨੇ ਛੇ ਘੰਟੇ ਵਲੰਟੀਅਰ ਬਣਨਾ, ਜਿਸ ਵਿੱਚ ਹਰ ਮਹੀਨੇ ਦੇ ਆਖਰੀ ਮੰਗਲਵਾਰ ਨੂੰ ਜਨਰਲ ਨੈੱਟਵਰਕ ਮੈਂਬਰ ਅਤੇ ਮਹੀਨਾਵਾਰ ਸਬ-ਕਮੇਟੀ ਮੀਟਿੰਗਾਂ ਵੀ ਸ਼ਾਮਲ ਹਨ; ਲਾਜ਼ਮੀ ਤੌਰ 'ਤੇ ਦੋ-ਸਾਲਾਂ ਦੀ ਮਿਆਦ ਪੂਰੀ ਕਰਨ ਦੇ ਯੋਗ ਹੋਣਾ ਚਾਹੀਦਾ ਹੈ; ਅਤੇ
- ਸ਼ਨੀਵਾਰ, 22 ਅਕਤੂਬਰ, 2022 ਨੂੰ, ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ, BDAN ਐਨੂਅਲ ਰੀਟਰੀਟ ਵਿੱਚ ਹਾਜ਼ਰ ਹੋਣਾ।

**ਆਦਰਸ਼ ਯੋਗਤਾਵਾਂ**

- ਵਿਭਿੰਨਤਾ, ਬਰਾਬਰਤਾ ਅਤੇ ਸ਼ਮੂਲੀਅਤ ਦਾ ਤਾਲਮੇਲ: ਤੁਹਾਡੇ ਮੁੱਖ ਵਿਸ਼ਵਾਸਾਂ ਨੂੰ ਸਪੱਸ਼ਟ ਰੂਪ ਵਿੱਚ ਬਿਆਨ ਕੀਤਾ ਜਾ ਸਕਦਾ ਹੈ ਅਤੇ ਸਾਡੇ ਮੁੱਲਾਂ ਅਤੇ ਵਿਭਿੰਨਤਾ, ਨਿਰਪੱਖਤਾ ਅਤੇ ਸ਼ਮੂਲੀਅਤ ਦੇ ਕਥਨ ਦਾ ਸਮਰਥਨ ਕਰਨਾ ਚਾਹੀਦਾ ਹੈ।
- ਸਿੱਧ ਹੋਇਆ ਚਰਿੱਤਰ: ਤੁਸੀਂ ਦੂਜਿਆਂ ਦੁਆਰਾ ਚੰਗੀ ਸਾਖ ਦੇ ਨਾਲ ਭਰੋਸੇਯੋਗ ਹੋ। ਭਰੋਸੇਯੋਗ ਹੋਣ ਦਾ ਮਤਲਬ ਹੈ ਕਿ ਤੁਸੀਂ ਦੂਜਿਆਂ ਬਾਰੇ ਮੰਨਦੇ ਹੋ ਕਿ ਉਹ ਵਧੀਆ ਕੰਮ ਕਰ ਰਹੇ ਹਨ, ਉਹੀ ਕਰਦੇ ਹਨ ਜੋ ਉਹ ਕਹਿੰਦੇ ਹਨ, ਅਤੇ ਜੇ ਨਹੀਂ, ਤਾਂ ਇਸ ਦੀ ਜਿੰਮੇਦਾਰੀ ਲੈਂਦੇ ਹਨ ਅਤੇ ਸੋਧਾਂ ਕਰਦੇ ਹਨ।
- ਕਮਿਊਨਿਟੀ ਦੀ ਸ਼ਮੂਲੀਅਤ: ਤੁਸੀਂ ਵੱਖ-ਵੱਖ ਲੋਕਾਂ ਨਾਲ ਬਣੇ ਸਮੂਹਾਂ ਨਾਲ ਸ਼ਮੂਲੀਅਤ ਦਾ ਵਿਸਤਾਰ ਕਰ ਸਕਦੇ ਹੋ। ਤੁਸੀਂ ਸ਼ਹਿਰ ਲਈ ਸੱਭਿਆਚਾਰਕ ਤੌਰ 'ਤੇ ਜਵਾਬਦੇਹ ਮਾਰਗ ਦਰਸ਼ਨ ਪ੍ਰਦਾਨ ਕਰ ਸਕਦੇ ਹੋ।
- ਪ੍ਰਦਰਸ਼ਿਤ ਅਗਵਾਈ: ਤੁਸੀਂ ਇਕ ਟੀਮ ਵਿਚ ਸ਼ਹਿਰ ਦੇ ਮਿਸ਼ਨ, ਵਿਜ਼ਨ ਦੀ ਸਫਲਤਾ ਅਤੇ ਵਿਭਿੰਨਤਾ ਅਤੇ ਸ਼ਮੂਲੀਅਤ ਦੇ ਬੁਨਿਆਦੀ ਮੁੱਲਾਂ ਲਈ ਵਿਅਕਤੀਗਤ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਦੇ ਹੋ।
- ਇੱਕ ਤੋਂ ਦੂਜੇ ਸੱਭਿਆਚਾਰ ਵਿੱਚ ਸੰਚਾਰ: ਹੰਡਾਏ ਹੋਏ ਤਜ਼ਰਬਿਆਂ ਦੇ ਨਾਲ ਤੁਹਾਡਾ ਇੱਕ ਵਿਭਿੰਨਤਾ ਵਾਲਾ ਪਿਛੋਕੜ ਹੈ। ਤੁਸੀਂ ਇੱਕ ਤੋਂ ਦੂਜੇ ਸੱਭਿਆਚਾਰ ਵਿੱਚ ਸੰਵਾਦ ਦੀ ਮੁਸ਼ਕਿਲ ਨੂੰ ਸੰਭਾਲ ਸਕਦੇ ਹੋ।

**Bellevue Diversity Advisory Network (ਬੈਲੇਵਿਊ ਡਾਈਵਰਸਿਟੀ ਅਡਵਾਈਜ਼ਰੀ ਨੈੱਟਵਰਕ) ਅਰਜ਼ੀ 2022**

1. ਪੂਰਾ ਨਾਮ:

2. ਘਰ ਦਾ ਫੋਨ ਨੰਬਰ:

3. ਸੈੱਲ ਫੋਨ ਨੰਬਰ:

4. ਈ-ਮੇਲ ਪਤਾ:

5. ਡਾਕ ਪਤਾ:

6. ਨਸਲ/ਜਾਤ:

7. ਲਿੰਗ ਪਛਾਣ:

8. ਘਰ ਵਿੱਚ ਬੋਲੀ ਜਾਂਦੀ ਭਾਸ਼ਾ(ਵਾਂ):

9. ਕੀ ਤੁਸੀਂ ਕਿਸੇ ਅਪੰਗਤਾ ਵਾਲੇ ਵਿਅਕਤੀ ਵਜੋਂ ਪਛਾਣ ਰੱਖਦੇ ਹੋ?
   ☐ ਹਾਂ
   ☐ ਨਹੀਂ
   ☐ ਹੋਰ:

10. ਕਿੱਤਾ (ਕਿਰਪਾ ਕਰਕੇ ਸ਼ਹਿਰ ਸ਼ਾਮਲ ਕਰੋ):

11. ਕੀ ਅਤੀਤ ਵਿੱਚ ਤੁਸੀਂ Bellevue ਸ਼ਹਿਰ ਦੇ ਨਾਲ ਕਿਸੇ ਹੋਰ ਵਾਲੰਟੀਅਰ ਜਾਂ ਨਿਯੁਕਤ ਅਹੁਦੇ 'ਤੇ ਸ਼ਾਮਿਲ ਰਹੇ ਹੋ? ਜੇ ਹਾਂ, ਤਾਂ ਕਿਹੜਾ?

ਅਗਲੇ ਤਿੰਨ ਸਵਾਲਾਂ ਲਈ, ਕਿਰਪਾ ਕਰਕੇ ਆਪਣੇ ਜਵਾਬ ਨੂੰ ਵੱਧ ਤੋਂ ਵੱਧ ਇੱਕ ਪੈਰਾਗ੍ਰਾਫ ਤੱਕ ਸੀਮਤ ਕਰੋ। ਤੁਸੀਂ ਦੋ ਮਿੰਟਾਂ ਤੱਕ ਸੀਮਿਤ ਕੋਈ ਵੀਡੀਓ (.mov) ਜਾਂ ਵੌਇਸ ਰਿਕਾਰਡਿੰਗ (.mph) ਜਵਾਬ ਨੂੰ diversity@bellevuewa.gov ਤੇ ਈਮੇਲ ਵੀ ਕਰ ਸਕਦੇ ਹੋ।

12. ਕਿਰਪਾ ਕਰਕੇ ਦੱਸੋ ਕਿ ਤੁਸੀਂ BDAN ਵਿਖੇ ਸੇਵਾ ਕਰਨ ਵਿੱਚ ਦਿਲਚਸਪੀ ਕਿਉਂ ਰੱਖਦੇ ਹੋ। ਤੁਹਾਡੇ ਹੰਡਾਏ ਤਜ਼ਰਬੇ ਅਤੇ ਪਿਛੋਕੜ ਨੇ ਨਸਲੀ ਬਰਾਬਰਤਾ ਅਤੇ ਸ਼ਮੂਲੀਅਤ ਦੀ ਤੁਹਾਡੀ ਸਮਝ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ?

13. ਤੁਸੀਂ ਕਿਹੜੇ ਮੁੱਖ ਮੁੱਦਿਆਂ ਬਾਰੇ ਸਭ ਤੋਂ ਵੱਧ ਭਾਵੁਕ ਹੋ ਅਤੇ Bellevue ਦੀਆਂ ਵੱਖ-ਵੱਖ ਲੋਕਾਂ ਨਾਲ ਬਣੀਆਂ ਕਮਿਊਨਿਟੀਆਂ ਦੇ ਸਬੰਧ ਵਿੱਚ ਤੁਸੀਂ ਕਿਹੜੇ ਮੁੱਦਿਆਂ ਬਾਰੇ ਸਭ ਤੋਂ ਵੱਧ ਚਿੰਤਤ ਹੋ?

14. ਤੁਹਾਡੀ ਸੋਚ ਮੁਤਾਬਿਕ ਸਾਡੇ ਨਾਲ ਇਹਨਾਂ ਮੁੱਦਿਆਂ ਨੂੰ ਹੱਲ ਕਰਨ ਲਈ ਤੁਸੀਂ BDAN ਵਿੱਚ ਕਿਹੜੇ ਹੁਨਰ, ਸਰੋਤ, ਨੈੱਟਵਰਕ ਅਤੇ/ਜਾਂ ਤਜ਼ਰਬੇ ਲਿਆ ਸਕਦੇ ਹੋ?

**ਆਖਰੀ ਮਿਤੀ:** ਐਤਵਾਰ, 7 ਅਗਸਤ, 2022, ਰਾਤ 11:59 ਵਜੇ/ ਪੋਸਟਮਾਰਕ ਕੀਤੀ ਆਖਰੀ ਮਿਤੀ: 3 ਅਗਸਤ, 2022, ਰਾਤ 11:59 ਵਜੇ।

**ਈ-ਮੇਲ:** diversity@bellevuewa.gov

**ਡਾਕ ਪਤਾ:**

Justin Chan
450 110th Ave. NE
P.O. Box 90012
Bellevue, WA 98009-9012

**ਸਵਾਲਾਂ ਲਈ**: jchan@bellevuewa.gov ਜਾਂ 425-623-5089